Australian Government
Department of Social Services

# ਯੌਨ ਉਤਪੀੜਨ

## ਔਸਟਰੇਲਿਆ ਵਿੱਚ, ਕਿਸੇ ਦਾ ਯੌਨ ਉਤਪੀੜਨ ਕਰਨਾ ਕਨੂੰਨ ਦੇ ਖਿਲਾਫ ਹੈ।

ਕੋਈ ਵੀ ਵਿਅਕਤੀ ਜੋ ਯੌਨ ਉਤਪੀੜਨ ਕਰਦਾ ਹੈ, ਜੇਲ੍ਹ ਜਾ ਸਕਦਾ ਹੈ, ਭਾਵੇਂ ਉਹ ਔਰਤ ਹੈ ਜਾਂ ਮਰਦ।

ਜੇਕਰ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** 'ਤੇ ਸੰਪਰਕ ਕਰੋ।
ਔਸਟਰੇਲਿਆ ਵਿੱਚ ਪੁਲਿਸ ਤੁਹਾਡੀ ਰਖਵਾਲੀ ਕਰਦੀ ਹੈ ਅਤੇ ਤੁਸੀਂ ਉਹਨਾਂ ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਵਿੱਚ ਅਤੇ ਗੁਪਤ ਤੌਰ ਤੇ ਸਲਾਹ-ਸਹਿਯੋਗ ਅਤੇ ਜਾਣਕਾਰੀ ਲੈਣ ਦੇ ਲਈ 1800 RESPECT ਨੂੰ **1800 737 732** ਤੇ ਸੰਪਰਕ ਕਰੋ।

ਮੁਫ਼ਤ ਵਿੱਚ ਦੁਭਾਸ਼ਿਏ (interpreter) ਰਾਹੀਂ ਗੱਲ ਕਰਣ ਲਈ **131 450** ਤੇ ਸੰਪਰਕ ਕਰੋ।

## ਔਸਟਰੇਲਿਅਨ ਸਰਕਾਰ (Australian Government) ਯੌਨ ਉਤਪੀੜਨ ਨੂੰ ਕਿਸੇ ਵੀ ਹਲਾਤ ਅੰਦਰ ਬਰਦਾਸ਼ਤ ਨਹੀਂ ਕਰਦੀ।

ਯੌਨ ਉਤਪੀੜਨ ਕਿਸੇ ਦੇ ਨਾਲ ਉਹਨਾਂ ਦੀ ਮਰਜ਼ੀ ਦੇ ਖਿਲਾਫ ਕੀਤਾ ਜਾਂਦਾ ਹੈ।
ਯੌਨ ਉਤਪੀੜਨ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ:

- ਯੌਨ ਸੰਬੰਧ ਬਣਾਉਨ ਲਈ ਕਿਸੀ ਨਾਲ ਜ਼ਬਰਦਸਤੀ ਕਰਨਾ ਜਾਂ ਯੌਨ ਕ੍ਰਿਆਵਾਂ ਕਰਨੀਆਂ
- ਅਸ਼ਲੀਲ ਫਿਲਮਾਂ ਵੇਖਣ ਲਈ ਕਿਸੀ ਨਾਲ ਜ਼ਬਰਦਸਤੀ ਕਰਨਾ; ਜਾਂ
- ਕਿਸੇ ਬੱਚੇ ਦੇ ਨਾਲ ਸੰਭੋਗ ਜਾਂ ਕਾਮ ਵਾਸਨਾ ਦੀਆਂ ਕ੍ਰਿਆਵਾਂ ਕਰਨਾ

ਆਪਣੇ ਜੋੜੀਦਾਰ, ਜੀਵਨ ਸਾਥੀ ਜਾਂ ਪਰਿਵਾਰ ਦੇ ਕਿਸੇ ਵੀ ਜੀ ਦੇ ਨਾਲ ਯੌਨ ਉਤਪੀੜਨ ਕਰਨਾ ਵੀ ਕਨੂੰਨ ਦੇ ਖ਼ਿਲਾਫ ਹੈ।

## ਔਰਤਾਂ ਅਤੇ ਮਰਦਾਂ ਦੇ ਹੱਕ ਇੱਕ ਸਮਾਨ ਹਨ।

ਔਸਟਰੇਲਿਆ ਦੇ ਕਨੂੰਨਾਂ ਵਿੱਚ ਔਰਤਾਂ ਅਤੇ ਮਰਦਾਂ ਨਾਲ ਇੱਕੋ ਜਿਹਾ ਵਿਵਹਾਰ ਕੀਤਾ ਜਾਂਦਾ ਹੈ।
ਹਰ ਕਿਸੇ ਨੂੰ ਹਿੰਸਾ ਮੁਕਤ, ਖੁਸ਼ਹਾਲ ਰਿਸ਼ਤੇ ਵਿੱਚ ਅਤੇ ਸਮਾਜ ਵਿੱਚ ਰਹਿਣ ਦਾ ਹੱਕ ਹੈ ।
ਔਰਤਾਂ ਨੂੰ ਬੁਰਾ ਵਿਵਹਾਰ ਜਾਂ ਸੱਟ ਸਹਿਣਾ ਸਵੀਕਾਰ ਕਰਨ ਦੀ ਲੋੜ ਨਹੀਂ।

## ਔਸਟਰੇਲਿਆ ਵਿੱਚ ਸਭਿਆਚਾਰ ਸੰਬੰਧੀ ਸੰਵੇਦਨਸ਼ੀਲ ਮਸਲਿਆਂ ਦੀਆਂ ਜਾਣੂ ਸੇਵਾਵਾਂ ਹਨ ਜੋ ਕਿ ਮਦਦ ਕਰ ਸਕਦੀਆਂ ਹਨ।

1800 RESPECT ਔਸਟਰੇਲਿਆ ਦੀ ਰਾਸ਼ਟਰੀ ਯੌਨ ਉਤਪੀੜਨ, ਪਰਿਵਾਰਕ ਅਤੇ ਘਰੇਲੂ ਹਿੰਸਾ ਦੀ ਸਲਾਹ ਸਹਿਯੋਗ ਸੇਵਾ (Australia's National Sexual Assault, Family and Domestic Violence Counselling service)ਹੈ। ਇਹ ਸੇਵਾ ਗੁਪਤ ਤੌਰ 'ਤੇ ਫੋਨ ਰਾਹੀਂ ਜਾਂ ਆਨਲਾਇਨ, ਜਾਣਕਾਰੀ ਅਤੇ ਸਲਾਹ ਸਹਿਯੋਗ ਮੁਫ਼ਤ ਵਿੱਚ ਪ੍ਰਦਾਨ ਕਰਾਉਂਦੀ ਹੈ। ਸਲਾਹ ਸਹਿਯੋਗੀ ਤੁਹਾਡੀ ਗੱਲ ਸੁਣਨਗੇ, ਤੁਹਾਡੇ ਸਵਾਲਾਂ ਦਾ ਜਵਾਬ ਦੇਣਗੇ ਅਤੇ ਤੁਹਾਡੇ ਆਸ ਪਾਸ ਦੀਆਂ ਹੋਰ ਸਹਿਯੋਗੀ ਸੇਵਾਵਾਂ ਕੋਲ ਜਾਣ ਬਾਰੇ ਵੀ ਸਲਾਹ ਦੇ ਸਕਦੇ ਹਨ।

**1800 737 732** 'ਤੇ ਫੋਨ ਕਰੋ ਜਾਂ 1800 RESPECT ਦੀ ਵੈਬਸਾਇਟ ਤੇ ਜਾਓ **www.1800RESPECT.org.au.**

## ਕੀ ਤੁਹਾਨੂੰ ਦੁਭਾਸ਼ਿਏ ਦੀ ਲੋੜ ਹੈ?

ਅਨੁਵਾਦ ਅਤੇ ਦੁਭਾਸ਼ਿਆ ਸੇਵਾ (**Translating and Interpreting Service** (TIS) )ਨਾਲ **131 450** ਤੇ ਮੁਫ਼ਤ ਵਿੱਚ ਗੱਲ ਕਰੋ। TIS ਹੋਰ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਵੀ ਤੁਹਾਡੀ ਮਦਦ ਕਰ ਸਕਦਾ ਹੈ।TIS ਸਲਾਹ ਸਹਿਯੋਗ ਪ੍ਰਦਾਨ ਨਹੀਂ ਕਰਦਾ ਹੈ।